ਦਫਤਰ ਜਿਲਾ ਸਿੱਖਿਆ ਅਫਸਰ(ਸੈ:ਸਿ)ਅੰਮ੍ਰਿਤਸਰ।

ਵੱਲ,

ਸਮੂਹ ਕਲਸਟਰ ਮੁਖੀ,

ਜਿਲਾ ਅੰਮ੍ਰਿਤਸਰ।

ਪੱਤਰ ਨੰ:ਜੀ-5/2017- 1264

ਮਿਤੀ ਅੰਮ੍ਰਿਤਸਰ: 9/11/17

ਵਿਸ਼ਾ: ਰਾਜ ਦੇ ਪ੍ਰਾਈਵੇਟ ਸਕੂਲਾਂ ਵਲੋਂ ਵਿਦਿਆਰਥੀਆਂ ਨੂੰ ਨਜਾਇਜ ਢੰਗ ਨਾਲ ਸਿੱਖਿਆ ਪ੍ਰਦਾਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਕਲਸਟਰ ਮੁਖੀਆਂ ਨੂੰ ਲਿਖਿਆਂ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਕੁਝ ਪ੍ਰਾਈਵੇਟ ਸਕੂਲ ਜੋ ਕਿ ਸਿਰਫ ਪੰਜਵੀਂ ਜਾਂ ਅੱਠਵੀਂ ਜਮਾਤ ਦੀ ਮਾਨਤਾ ਰੱਖਦੇ ਹਨ ਉਹ ਵਿਦਿਆਰਥੀਆਂ ਨੂੰ ਨਜਾਇਜ ਨਾਲ ਢੰਗ ਨਾਲ 10ਵੀਂ ਜਾਂ 12 ਜਮਾਤ ਦੀ ਪੜਾਈ ਕਰਵਾ ਰਹੇ ਹਨ ਅਤੇ ਉਹਨਾਂ ਪਾਸੋਂ ਬਹੁਤ ਜਿਆਦਾ ਫੀਸਾਂ ਵਸੂਲ ਕਰ ਰਹੇ ਹਨ।ਇਸ ਸਬੰਧੀ ਸਮੂਹ ਕਲਸਟਰ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਨਾਲ ਲਗਦੇ ਪ੍ਰਾਈਵੇਟ ਸਕੂਲਾਂ ਦੀ ਚੈਕਿੰਗ ਕਰਕੇ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਸੂਚਨਾਂ ਭੇਜੀ ਜਾਵੇ।

ਇਸ ਦਫਤਰ ਦੇ ਪੱਤਰ ਨੰ: 923 ਮਿਤੀ 21-8-17 ਆਪ ਨੂੰ ਪਹਿਲਾਂ ਵੀ ਫੀਸਾਂ ਦੀ ਚੈਕਿੰਗ ਕਰਨ ਸਬੰਧੀ ਪ੍ਰੋਫਾਰਮੇ ਭੇਜੇ ਗਏ ਸਨ।ਜਿਹੜੇ ਕਿ ਇਸ ਦਫਤਰ ਨੂੰ 31-8-17 ਤੱਕ ਭੇਜਣ ਲਈ ਲਿਖਿਆ ਗਿਆ ਸੀ ਪਰ ਹਾਲੇ ਤੱਕ ਇੱਕ ਕਲਸਟਰ ਤੋਂ ਬਿਨਾਂ ਕਿਸੇ ਵੀ ਹੋਰ ਕਲਸਟਰ ਵਲੋਂ ਇਹਪ੍ਰੋਫਾਰਮੇ ਪ੍ਰਾਪਤ ਨਹੀਂ ਹੋਏ ਹੁਣ ਦੁਬਾਰਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਬਿਨਾਂ ਕਿਸੇ ਦੇਰੀ ਤੋਂ ਇਹ ਪ੍ਰੋਫਾਰਮੇ ਚੈਕਿੰਗ ਕਰਕੇ ਇਸ ਦਫਤਰ ਨੂੰ ਭੇਜੇ ਜਾਣ।

ਨੱਥੀ:ਪ੍ਰੋਫਾਰਮਾ

9/11/17

ਜਿਲਾ ਸਿੱਖਿਆ ਅਫਸਰ(ਸੈ:ਸਿ:)
ਅੰਮ੍ਰਿਤਸਰ।

9/11/17

| | | | | | | | | | |
|---|---|---|---|---|---|---|---|---|---|
| ਲੜੀ ਨੰ: | ਸਕੂਲ ਦੀ ਮਾਨਤਾ ਕਿਸ ਜਮਾਤ ਤੱਕ ਹੈ | ਸਕੂਲ ਵਿਚ ਅਸਲ ਵਿਚ ਪੜਾਈ ਕਿਸ ਜਮਾਤ ਤੱਕ ਹੋ ਰਹੀ ਹੈ | ਜੇਕਰਇਹਨਾਂ ਸਕੂਲਾਂ ਵਿਚਦੱਸਵੀਂ ਅਤੇ ਬਾਰਵੀ ਜਮਾਤ ਪੜਾਈ ਜਾ ਰਹੀ ਹੈ ਤਾਂ ਉਹ ਕਿਸ ਬੋਰਡ ਨਾਲ ਸਬੰਧਤ ਹੈ। | ਸਕੂਲ ਵਿਚਕਿਹੜੀਆਂ ਪੁਸਤਕਾਂ ਲਗਾਈਆਂ ਗਈਆਂ ਹਨ ਕੀ ਉਹ ਪੁਸਤਕਾਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਰਿਕਮੈਂਡ ਕੀਤੀਆਂ ਗਈਆਂ ਹਨ। | ਸਕੂਲ ਵਿਦਿਆਰਥੀਆਂ ਵਲੋਂ ਕਿੰਨੀ ਫੀਸ ਅਤੇ ਫੰਡ ਵਸੂਲ ਕਰ ਰਿਹਾ ਹੈ। | ਕੀ ਸਕੂਲਵਿਦਿ ਆਰਥੀਆਂ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਪੁਸਤਕਾਂ/ਸ਼ਟੇਸ਼ਨਰੀ ਖਰੀਦਣ ਲਈ ਹਦਾਇਤ ਕਰਦਾ ਹੈ ਅਤੇ ਕੀ ਉਹ ਆਪ ਹੀ ਦੇ ਰਿਹਾ ਹੈ। | ਕੀ ਸਕੂਲ ਵਲੋਂ ਲਈਆਂ ਜਾ ਰਹੀਆਂ ਫੀਸਾਂਅਤੇ ਫੰਡ ਦਾ ਤੀਜੀ ਧਿਰ ਵਲੋਂ ਆਡਿਟ ਕਰਵਾਇਆ ਜਾਂਦਾ ਹੈ ਅਤੇ ਆਮਨਦਨ ਕਰ ਨਿਯਮਾਂ ਅਨੁਸਾਰ ਅਦਾ ਕੀਤਾ ਜਾ ਰਿਹਾ ਹੈ। | ਕੀ ਸਕੂਲ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਓਪਨ ਸਿੱਖਿਆ ਦਾ ਅਧਿਅਨ ਕੇਂਦਰ ਹੈ | ਕੀਇਹਨਾਂ ਪ੍ਰਾਈਵੇਟ ਸਕੂਲਾਂ ਵਲੋਂ ਸਿੱਖਿਆ ਵਿਭਾਗ ਪੰਜਾਬ ਅਤੇ ਪੰਜਾਬ ਸਕੂਲ ਸਿੱਖਿਆ ਬੋਰਡਦੇ ਨਿਯਮਾਂ ਦਾ ਪਾਲਣ ਕੀਤਾ ਜਾ ਰਿਹਾ ਹੈ। |